Punjabi - Number 103a
August 2023

# ਬਜ਼ੁਰਗਾਂ ਲਈ ਕਮਯੂਨਿਟੀ ਵਲੋਂ ਘਰ ਖਾਲੀ ਕਰਵਾਏ ਜਾਣ ਸੰਬੰਧੀ ਜਾਣਕਾਰੀ

## Community Evacuation Information for Seniors

ਜੰਗਲੀ ਅੱਗਾਂ, ਹੜ੍ਹਾਂ, ਜਮੀਨ ਦੇ ਖਿਸਕਣ, ਭੂਚਾਲਾਂ ਅਤੇ ਗੰਭੀਰ ਮੌਸਮ ਵਰਗੇ ਸੰਕਟਾਂ ਲਈ ਤਿਆਰੀ, ਅਤੇ ਉਨ੍ਹਾਂ ਦਾ ਜਵਾਬ ਦੇਣ ਵੇਲੇ ਬਜ਼ੁਰਗਾਂ ਦੀਆਂ ਲੋੜਾਂ ਵਲ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ।

ਇਕੱਲੇ ਰਹਿਣ ਵਾਲੇ ਜਾਂ ਬੀਮਾਰ ਜਾਂ ਅਪਾਹਜ ਬਜ਼ੁਰਗਾਂ ਨੂੰ ਖਾਸ ਸਹਾਇਤਾ ਅਤੇ ਇੱਕ ਐਮਰਜੈਂਸੀ ਯੋਜਨਾ ਦੀ ਲੋੜ ਹੋਵੇਗੀ।

### ਜੇ ਮੈਨੂੰ ਹੰਗਾਮੀ ਸਥਿਤੀ (ਐਮਰਜੈਂਸੀ) ਵਿੱਚ ਆਪਣਾ ਘਰ ਖਾਲੀ ਕਰਨਾ ਪਏ ਤਾਂ ਕੀ ਹੋਏਗਾ?

ਜੇ ਪੁਲਿਸ ਜਾਂ ਆਰਸੀਐਮਪੀ (RCMP) ਤੁਹਾਨੂੰ ਤੁਹਾਡਾ ਘਰ ਜਾਂ ਕਮਿਊਨਿਟੀ ਖਾਲੀ ਕਰਨ ਦਾ ਆਦੇਸ਼ ਦਿੰਦੇ ਹਨ, ਤਾਂ ਤੁਰੰਤ ਖੇਤਰ ਛੱਡ ਦਿਓ।ਤੁਹਾਨੂੰ ਖਤਰਾ ਹੈ।

ਸਥਾਨਕ ਅਧਿਕਾਰੀਆਂ ਵਲੋਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰੋ।ਉਸ ਵੇਲੇ ਤੱਕ ਘਰ ਨਾ ਪਰਤੋ ਜਦੋਂ ਤੱਕ ਐਮਰਜੈਂਸੀ ਅਥਾਰਟੀਆਂ ਨਹੀਂ ਕਹਿੰਦੀਆਂ ਕਿ ਅਜਿਹਾ ਕਰਨਾ ਸੁਰੱਖਿਅਤ ਹੈ।

### ਮੈਂ ਹੰਗਾਮੀ ਸਥਿਤੀ (ਐਮਰਜੈਂਸੀ) ਵਿੱਚ ਘਰ ਖਾਲੀ ਕਰਵਾਏ ਜਾਣ ਲਈ ਕਿਸ ਤਰ੍ਹਾਂ ਤਿਆਰੀ ਕਰ ਸਕਦਾ/ਦੀ ਹਾਂ?

ਐਮਰਜੈਂਸੀ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਘੱਟੋ ਘੱਟ 3 ਲੋਕਾਂ ਦਾ ਭਰੋਸੇਮੰਦ ਸਪੋਰਟ ਨੈੱਟਵਰਕ ਬਣਾਓ।ਉਨ੍ਹਾਂ ਆਪਣੇ ਘਰ ਦੀਆਂ ਚਾਬੀਆਂ ਦਿਓ ਅਤੇ ਉਨ੍ਹਾਂ ਦੀ ਸੰਪਰਕ ਜਾਣਕਾਰੀ ਇੱਕ ਸਾਂਝੀ ਐਮਰਜੈਂਸੀ ਯੋਜਨਾ ਵਿੱਚ ਸ਼ਾਮਲ ਕਰੋ।

ਆਪਣੇ ਸਪੋਰਟ ਨੈੱਟਵਰਕ ਨੂੰ ਕੋਈ ਵੀ ਸਿਹਤ ਸੰਬੰਧੀ ਅਵਸਥਾਵਾਂ ਜਾਂ ਦਵਾਈਆਂ ਬਾਰੇ ਦੱਸੋ। ਉਨ੍ਹਾਂ ਨੂੰ ਦਿਖਾਓ ਕਿ ਵਿਸ਼ੇਸ਼ ਮੈਡੀਕਲ ਮੋਬਿਲਿਟੀ ਸਮਾਨ ਜਿਵੇਂ ਕਿ ਲਿਫਟਾਂ, ਵ੍ਹੀਲਚੇਅਰਾਂ ਜਾਂ ਸਕੂਟਰਾਂ ਨੂੰ ਕਿਵੇਂ ਵਰਤਣਾ ਹੈ।

ਤੁਹਾਡੇ ਸਪੋਰਟ ਨੈੱਟਵਰਕ ਲਈ ਸੰਕਟ ਤੋਂ ਤੁਰੰਤ ਤੁਹਾਨੂੰ ਚੈੱਕ ਕਰਨ ਲਈ ਇੰਤਜ਼ਾਮ ਕਰੋ।

### ਹੰਗਾਮੀ ਸਥਿਤੀ (ਐਮਰਜੈਂਸੀ) ਲਈ ਮੇਰੇ ਕੋਲ ਕੀ ਸਮਾਨ ਹੋਣਾ ਚਾਹੀਦਾ ਹੈ?

ਪਹਿਲਾਂ ਤੋਂ ਯੋਜਨਾ ਬਣਾਉਣਾ ਅਤੇ ਐਮਰਜੈਂਸੀ ਹੋਣ ਦੀ ਸੂਰਤ ਵਿੱਚ ਆਪਣੀਆਂ ਨਿਜੀ ਲੋੜਾਂ ਬਾਰੇ ਸੋਚਣਾ ਮਹੱਤਵਪੂਰਨ ਹੈ।ਜਲਦੀ ਨਾਲ ਆਪਣਾ ਘਰ ਛੱਡ ਕੇ ਜਾਣ ਦੀ ਲੋੜ ਪੈਣ ਦੀ ਸੂਰਤ ਵਿੱਚ ਇੱਕ ਗ੍ਰੈਬ-ਐਂਡ-ਗੋ ਬੈਗ ਤਿਆਰ ਕਰੋ।

ਪਾਲਤੂ ਜਾਨਵਰਾਂ ਦੇ ਮਾਲਕਾਂ ਲਈ, ਤੁਹਾਡੇ ਪਾਲਤੂ ਜਾਨਵਰਾਂ ਲਈ ਤਿਆਰੀ ਕਰਨਾ ਉਨਾ ਹੀ ਮਹੱਤਵਪੂਰਨ ਹੈ। ਹੋਰ ਜਾਣਕਾਰੀ ਲਈ, ਵੇਖੋ www2.gov.bc.ca/assets/gov/public-safety-and-emergency-services/emergency-preparedness-response-recovery/embc/preparedbc/preparedbc-guides/preparedbc_prepare_your_pets.pdf।

**72 ਘੰਟੇ ਦੇ ਗ੍ਰੈਬ-ਐਂਡ-ਗੋ ਬੈਗ ਲਈ ਮੁੱਢਲੀਆਂ ਚੀਜ਼ਾਂ:**

- ਪਾਣੀ
- ਭੋਜਨ (ਖਾਣ ਲਈ ਤਿਆਰ)
- ਛੋਟੀ ਫ਼ਸਟ-ਏਡ ਕਿੱਟ
- ਖਾਸ ਚੀਜ਼ਾਂ, ਜਿਵੇਂ ਕਿ ਵਾਧੂ ਐਨਕਾਂ, ਪ੍ਰਿਸਕ੍ਰਿਪਸ਼ਨ ਦਵਾਈਆਂ ਜਾਂ ਮੈਡੀਕਲ ਅਵਸਥਾਵਾਂ ਵਾਸਤੇ ਲੁੜੀਂਦੀਆਂ ਦੂਸਰੀਆਂ ਸਪਲਾਈਆਂ
- ਨਿਜੀ ਦੇਖਭਾਲ ਲਈ ਸਮੱਗਰੀ
- ਫੋਨ ਚਾਰਜਰ ਅਤੇ ਬੈਟਰੀ ਬੈਂਕ

- ਬੈਟਰੀ ਨਾਲ ਚੱਲਣ ਵਾਲੇ ਜਾਂ ਹੈਂਡਲ ਘੁਮਾ ਕੇ ਚੱਲਣ ਵਾਲਾ (hand-crank) ਛੋਟਾ ਰੇਡੀਓ
- ਬੈਟਰੀ ਨਾਲ ਚੱਲਣ ਵਾਲੇ ਜਾਂ ਹੈਂਡਲ ਘੁਮਾ ਕੇ ਚੱਲਣ ਵਾਲੀ ਫਲੈਸ਼ਲਾਇਟ
- ਵਾਧੂ ਬੈਟਰੀਆਂ
- ਮੌਸਮੀ ਕਪੜੇ, ਜੁੱਤੀਆਂ ਅਤੇ ਇੱਕ ਐਮਰਜੈਂਸੀ ਕੰਬਲ
- ਸਹਾਇਤਾ ਲਈ ਸਿਗਨਲ ਕਰਨ ਲਈ, ਸੀਟੀ
- ਪੈਨ ਅਤੇ ਨੋਟਪੈਡ
- ਤੁਹਾਡੇ ਪਰਿਵਾਰ ਦੇ ਮਿਲਣ ਦੇ ਸਥਾਨ ਦੀ ਪਛਾਣ ਕੀਤਾ ਹੋਇਆ ਸਥਾਨਕ ਨਕਸ਼ਾ
- ਛੋਟੇ ਨੋਟਾਂ ਵਿੱਚ ਨਕਦ
- ਤੁਹਾਡੀ ਐਮਰਜੈਂਸੀ ਯੋਜਨਾ ਦੀ ਇਕ ਕਾਪੀ
- ਪਰਿਵਾਰ ਦੇ ਮੈਂਬਰਾਂ, ਦੋਸਤਾਂ, ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲਿਆਂ ਅਤੇ ਦੇਖਭਾਲ ਕਰਨ ਵਾਲਿਆਂ ਦੇ ਮਹੱਤਵਪੂਰਨ ਨਾਮਾਂ ਅਤੇ ਨੰਬਰਾਂ ਵਾਲੀ ਸੰਪਰਕ ਸੂਚੀ

**ਅਤਿਰਿਕਤ ਚੀਜ਼ਾਂ:**

- ਨਿੱਜੀ ਕਾਗਜ਼ ਅਤੇ ਫੋਟੋ ਵਾਲੀ ਸ਼ਨਾਖਤ
- ਮੈਡੀਕਲ ਇਤਿਹਾਸ ਜਾਂ ਚਿਰਕਾਲੀ ਅਵਸਥਾਵਾਂ ਅਤੇ ਹਾਲ ਹੀ ਵਿੱਚ ਹੋਏ ਆਪਰੇਸ਼ਨ ਸਮੇਤ ਤੁਹਾਡੀ ਸਿਹਤ ਦਾ ਸਾਰ
- ਤੁਹਾਡੀਆਂ ਦਵਾਈਆਂ ਦੀ ਸੂਚੀ ਅਤੇ ਪ੍ਰਿਸਕ੍ਰਿਪਸ਼ਨਾਂ ਦੀਆਂ ਕਾਪੀਆਂ
- ਵਾਧੂ ਡੈਂਚਰ ਅਤੇ ਕਲੀਨਰ
- ਸੁਣਨ ਦੀਆਂ ਮਸ਼ੀਨਾਂ ਅਤੇ ਵਾਧੂ ਬੈਟਰੀਆਂ
- ਚੱਲਣ ਫਿਰਨ ਵਿੱਚ ਮਦਦ ਕਰਨ ਵਾਲੀਆਂ ਚੀਜ਼ਾਂ ਜਿਵੇਂ ਕਿ ਸੋਟੀਆਂ ਜਾਂ ਵੌਕਰ
- ਸਾਹ ਲੈਣ ਲਈ ਖਾਸ ਸਮਾਨ
- ਪਿਸ਼ਾਬ ਨਿਕਲ ਜਾਣ ਸੰਬੰਧੀ (Incontinence) ਸਮਾਨ

## ਹੋਰ ਜਾਣਕਾਰੀ ਲਈ

ਹੰਗਾਮੀ ਸਥਿਤੀ (ਐਮਰਜੈਂਸੀ) ਲਈ ਤਿਆਰ ਰਹਿਣ ਸੰਬੰਧੀ ਹੋਰ ਜਾਣਕਾਰੀ ਲਈ ਦੇਖੋ:

- ਪ੍ਰੀਪੇਅਰਡਬੀਸੀ (PreparedBC): www2.gov.bc.ca/gov/content/safety/emergency-management/preparedbc
- ਕਨੇਡੀਅਨ ਰੈਡ ਕਰਾਸ (Canadian Red Cross): www.redcross.ca